# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਅੱਠਵੀਂ ਸ਼੍ਰੇਣੀ ਪਰੀਖਿਆ ਅਪ੍ਰੈਲ 2022 (ਟਰਮ-2) ਦੀ ਪਰੀਖਿਆ ਦੇ ਸਮੇਂ ਵਿੱਚ ਤਬਦੀਲੀ ਕਰਨ ਸੰਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਸ਼੍ਰੇਣੀ ਲਿਖਤੀ ਪਰੀਖਿਆ (ਟਰਮ-2) ਜੋ ਕਿ ਮਿਤੀ 07-04-2022 ਤੋਂ 28-04-2022 ਤੱਕ ਜਾਰੀ ਕੀਤੀ ਗਈ ਡੇਟ ਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ। ਪ੍ਰਬੰਧਕੀ ਅਤੇ ਪ੍ਰਸ਼ਾਸਕੀ ਕਾਰਣਾਂ ਕਰਕੇ ਮਿਤੀ 13-04-2022(ਬੁੱਧਵਾਰ) ਤੋਂ 28-04-2022 ਤੱਕ ਹੋਣ ਵਾਲੀ  ਪਰੀਖਿਆਵਾਂ ਸਵੇਰੇ 10:00 ਵਜੇ ਦੀ ਥਾਂ ਤੇ ਸਵੇਰੇ 9:00 ਵਜੇ ਤੋਂ ਸ਼ੁਰੂ ਹੋਣਗੀਆਂ, ਜਦੋ ਕਿ ਮਿਤੀ 11-04-2022 (ਸੋਮਵਾਰ) ਵਿਸ਼ਾ ਅੰਗਰੇਜੀ (807) ਦੀ ਪਰੀਖਿਆ ਦਾ ਸਮਾਂ ਸਵੇਰੇ 10:00 ਵਜੇ ਪਹਿਲੇ ਵਾਲਾ ਹੀ ਰਹੇਗਾ।

ਮਿਤੀ 11-04-2022 (ਸੋਮਵਾਰ) ਵਿਸ਼ਾ ਅੰਗਰੇਜੀ (807) ਦੀ ਪਰੀਖਿਆ ਵਾਲੇ ਦਿਨ ਸਮੂਹ ਕੇਂਦਰ ਸੁਪਰਡੈਂਟ/ਕੇਂਦਰ ਕੰਟਰੋਲਰ ਪਰੀਖਿਆ ਕੇਂਦਰ ਵਿੱਚ ਪਰੀਖਿਆ ਦੇਣ ਆਏ ਸਮੂਹ ਪਰੀਖਿਆਰਥੀਆਂ ਨੂੰ ਹਸਤਾਖ਼ਰ ਚਾਰਟ ਤੇ ਹਸਤਾਖ਼ਰ ਕਰਵਾਉਣ ਸਮੇਂ ਅਗਲੀ ਪਰੀਖਿਆ ਦੇ ਸਮੇਂ ਦੀ ਤਬਦੀਲੀ ਭਾਵ 9:00 ਵਜੇ ਸ਼ੁਰੂ ਹੋਣ ਬਾਰੇ ਪਰੀਖਿਆਰਥੀਆਂ ਨੂੰ ਲਿਖਤੀ ਤੌਰ ਤੇ ਨੋਟ ਕਰਵਾਉਣ ਸਬੰਧੀ ਯਕੀਨੀ ਬਣਾਉਣਗੇ।

07.04.2022.

ਸਾਹਿਬਜਾਦਾ ਅਜੀਤ ਸਿੰਘ ਨਗਰ।
ਮਿਤੀ-07-04-2022

(ਜੇ.ਆਰ.ਮਹਿਰੋਕ)
ਕੰਟਰੋਲਰ ਪਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ/ ਕੇਂਦਰ ਸੁਪਰਡੈਂਟ,

ਪੰਜਾਬ ਰਾਜ।

ਨੰ-ਪਸਸਬ...343.......... ਸ.ਸ.(ਕ.ਸ.)ਮਿਤੀ-...07/04/2022 ਐਸ.ਏ.ਐਸ.ਨਗਰ।

ਵਿਸ਼ਾ- ਅੱਠਵੀਂ ਸ਼੍ਰੇਣੀ ਪਰੀਖਿਆ ਅਪ੍ਰੈਲ 2022 (ਟਰਮ-2) ਦੀ ਪਰੀਖਿਆ ਦੇ ਸਮੇਂ ਵਿੱਚ ਤਬਦੀਲੀ ਕਰਨ ਸੰਬੰਧੀ।

- ਅਪ੍ਰੈਲ 2022 ਵਿੱਚ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੀ ਨੋਨ ਬੋਰਡ ਕਲਾਸਾਂ ਵਿੱਚ ਦਾਖਲਾ ਅਤੇ ਪੜਾਈ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਕਾਰਣ, ਸਕੂਲਾਂ ਵਿੱਚ ਨਵੇਂ ਸੈਸ਼ਨ ਦੀ ਕਿਤਾਬਾ ਵੰਡਣ ਦਾ ਕੰਮ, ਨੋਨ ਬੋਰਡ ਕਲਾਸਾਂ ਦੇ ਵਿਦਿਆਰਥੀਆਂ ਦੀ ਪੜਾਈ ਨੂੰ ਮੁੱਖ ਰੱਖਦੇ ਹੋਏ ਦਫਤਰ ਵੱਲੋਂ ਅੱਠਵੀਂ ਸ਼੍ਰੇਣੀ ਟਰਮ-2 ਅਪ੍ਰੈਲ 2022 ਦੀ ਪਹਿਲਾਂ ਜਾਰੀ ਕੀਤੀ ਗਈ ਡੇਟ-ਸ਼ੀਟ ਵਿੱਚ ਪਰੀਖਿਆ ਦੇ ਸਮੇਂ ਵਿੱਚ ਤਬਦੀਲੀ ਕਰਨ ਦਾ ਨਿਰਣਾ ਲਿਆ ਗਿਆ ਹੈ।
- ਮਿਤੀ 13-04-2022 (ਬੁੱਧਵਾਰ) ਤੋਂ ਸ਼ੁਰੂ ਹੋਣ ਵਾਲੀ ਪਰੀਖਿਆਵਾਂ ਸਵੇਰੇ 10:00 ਵਜੇ ਦੀ ਥਾਂ ਤੇ ਸਵੇਰੇ 9:00 ਤੋਂ ਸ਼ੁਰੂ ਹੋਣਗੀਆਂ। ਪਰੀਖਿਆ ਦਾ ਸਮਾਂ ਵਿਸ਼ਿਆਂ ਦਾ ਸਮਾਂ ਹੇਠ ਲਿਖੇ ਅਨੁਸਾਰ ਹੈ।

| ਮਿਤੀ | ਦਿਨ | ਸਮਾਂ ਸਵੇਰੇ | ਵਿਸ਼ਾ / ਵਿਸ਼ੇ (ਵਿਸ਼ਾ ਕੋਡ) |
|---|---|---|---|
| 13-04-2022 | ਬੁੱਧਵਾਰ | 9:00 ਤੋਂ 11:15 ਤੱਕ | ਸਵਾਗਤ ਜਿੰਦਗੀ (825) |
| 16-04-2022 | ਸ਼ਨਿੱਚਰਵਾਰ | 9:00 ਤੋਂ 11:15 ਤੱਕ | ਵਿਗਿਆਨ (809) |
| 19-04-2022 | ਮੰਗਲਵਾਰ | 9:00 ਤੋਂ 11:15 ਤੱਕ | ਗਣਿਤ (808) |
| 21-04-2022 | ਵੀਰਵਾਰ | 9:00 ਤੋਂ 11:15 ਤੱਕ | ਸਮਾਜਿਕ ਵਿਗਿਆਨ(810) |
| 23-04-2022 | ਸ਼ਨਿੱਚਰਵਾਰ | 9:00 ਤੋਂ 11:15 ਤੱਕ | ਦੂਜੀ ਭਾਸ਼ਾ {ਪੰਜਾਬੀ(802)/ਹਿੰਦੀ(804)/ਉਰਦੂ(806)} |
| 25-04-2022 | ਸੋਮਵਾਰ | 9:00 ਤੋਂ 11:15 ਤੱਕ | ਕੰਪਿਊਟਰ ਸਾਇੰਸ (811) |
| 26-04-2022 | ਮੰਗਲਵਾਰ | 9:00 ਤੋਂ 10:45 ਤੱਕ | ਸਿਹਤ ਅਤੇ ਸਰੀਰਿਕ ਸਿੱਖਿਆ (812) |
| 28-04-2022 | ਵੀਰਵਾਰ | 9:00 ਤੋਂ 11:45 ਤੱਕ | **ਚੋਣਵੇਂ ਵਿਸ਼ੇ**:- ਖੇਤੀਬਾੜੀ (813) |
| | | 9:00 ਤੋਂ 12:15 ਤੱਕ | ਡਾਂਸ (815),ਜਿਊਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ (816), ਗ੍ਰਹਿ ਵਿਗਿਆਨ (817), ਸੰਗੀਤ-ਵਾਦਨ (818),ਸੰਗੀਤ-ਗਾਇਨ (819) |
| | | 9:00 ਤੋਂ 10:15 ਤੱਕ | ਇਲੈਕਟ੍ਰਿਕਲ ਐਂਡ ਰੇਡੀਓ ਵਰਕ (821) |
| | | 9:00 ਤੋਂ 11:15 ਤੱਕ | ਸੰਸਕ੍ਰਿਤ(822) ਉਰਦੂ ਇਲੈਕਟਿਵ (823) |
| | | 9:00 ਤੋਂ 10:15 ਤੱਕ | **ਵੋਕੇਸ਼ਨਲ ਵਿਸ਼ੇ**:- ਸਧਾਰਨ ਘਰੇਲੂ ਯੰਤਰਾਂ,ਵਾਈਰਿੰਗ ਦੀ ਮੁਰੰਮਤ ਅਤੇ ਸਾਂਭ-ਸੰਭਾਲ ਅਤੇ ਟਰਾਂਜਿਸਟਰ ਦੀ ਮੁਰੰਮਤ ਅਤੇ ਸਾਂਭ-ਸੰਭਾਲ (824) |

- ਮਿਤੀ 11-04-2022 (ਸੋਮਵਾਰ) ਵਿਸ਼ਾ ਅੰਗਰੇਜੀ (807) ਦੀ ਪਰੀਖਿਆ ਦਾ ਸਮਾਂ ਸਵੇਰੇ 10:00 ਵਜੇ ਹੀ ਹੋਵੇਗਾ।
- ਮਿਤੀ 11-04-2022 (ਸੋਮਵਾਰ) ਵਿਸ਼ਾ ਅੰਗਰੇਜੀ (807) ਦੀ ਪਰੀਖਿਆ ਵਾਲੇ ਦਿਨ ਸਮੂਹ ਕੇਂਦਰ ਸੁਪਰਡੈਂਟ/ਕੇਂਦਰ ਕੰਟਰੋਲਰ ਪਰੀਖਿਆ ਕੇਂਦਰ ਵਿੱਚ ਪਰੀਖਿਆ ਦੇਣ ਆਏ ਸਮੂਹ ਪਰੀਖਿਆਰਥੀਆਂ ਨੂੰ ਹਸਤਾਖਰ ਚਾਰਟ ਤੇ ਹਸਤਾਖਰ ਕਰਵਾਉਣ ਉਪਰੰਤ ਅਗਲੀ ਪਰੀਖਿਆ ਦੇ ਸਮੇਂ ਸੰਬੰਧੀ ਸਮੂਹ ਪਰੀਖਿਆਰਥੀਆਂ ਨੂੰ ਲਿਖਤੀ ਤੌਰ ਤੇ ਨੋਟ ਕਰਵਾਉਣਗੇ। ਜਿਸ ਦੀ ਸਮੂਚੀ ਜਿਮੇਵਾਰੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ/ ਕੇਂਦਰ ਸੁਪਰਡੈਂਟ ਦੀ ਹੋਵੇਗੀ।

ਸਹੀ/

ਸਹਾਇਕ ਸਕੱਤਰ (ਕ.ਸ.)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ- ਜਿਲ੍ਹਾਂ ਸਿੱਖਿਆ ਅਫਸਰ (ਸੈਕੰਡਰੀ)ਜੀ ਦੀ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ.)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।